# ਭਗਤ ਨਾਮਦੇਵ - ਸਬਦ ੩੩

## ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥

## ਰਾਗੁ ਰਾਮਕਲੀ , ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੭੩

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥
ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥
ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥
ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥
ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਿ ਲੀਜੈ ॥
ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥

ਸਾਰ: ਪ੍ਰਮਾਣਿਕਤਾ ਉਹ ਸਾਹਸ ਹੈ ਜਿਸ ਰਾਹੀਂ ਮਨੁੱਖ ਬਿਨਾਂ ਕਿਸੇ ਦਿਖਾਵੇ, ਭਰਮ ਜਾਂ ਮੰਗਵੀਂ ਪਛਾਣ ਦੇ ਖੁਦ ਨੂੰ ਮੁਖ਼ਾਤਿਬ ਹੁੰਦਾ ਹੈ। ਇਹ ਭਾਵ ਸਾਨੂੰ ਆਪਣੇ ਵਿਚਾਰਾਂ, ਬਚਨਾਂ ਅਤੇ ਕਰਮਾਂ ਨੂੰ ਪ੍ਰੇਰਿਤ ਕਰਨ ਵਾਲੇ ਅਸਲ ਇਰਾਦਿਆਂ ਦੀ ਇਮਾਨਦਾਰੀ ਨਾਲ ਪੜਚੋਲ ਕਰਨ ਦੀ ਸੱਦ ਦਿੰਦਾ ਹੈ। ਜੋ ਸਮਝਾਉਂਦਾ ਹੈ ਕਿ ਅਸਲ ਰੁਪਾਂਤ੍ਰਣ ਦੂਜਿਆਂ ਅੱਗੇ ਆਪਣੀ ਦਿੱਖ ਬਦਲਣ ਨਾਲ ਨਹੀਂ, ਸਗੋਂ ਆਪਣੇ ਅੰਦਰ ਕੀ ਚਲ ਰਿਹਾ ਹੈ ਨੂੰ ਸਮਝਣ ਨਾਲ ਸ਼ੁਰੂ ਹੁੰਦਾ ਹੈ। ਜਦੋਂ ਇਹ ਸੂਝ ਹੋ ਜਾਵੇ ਕਿ ਸਤਿ ਦੀ ਥਾਂ ਹਉਮੈਂ, ਪਹਿਚਾਣ ਅਤੇ ਨਿੱਜੀ ਸਵਾਰਥ ਜੀਵਨ ਦਾ ਅਧਾਰ ਹਨ ਤਾਂ ਬਾਹਰੀ ਰਸਮਾਂ, ਦਾਨ-ਪੁੰਨ ਅਤੇ ਨੇਕੀ ਦੇ ਕਾਰਜ਼ ਵੀ ਆਪਣਾ ਮਹੱਤਵ ਗੁਆ ਬੈਠਦੇ ਹਨ। ਜਦੋਂ ਮਨੁੱਖ ਆਪਣੇ ਅੰਦਰ ਵੱਸਦੀ ਇਸ ਸੱਚਾਈ ਨੂੰ ਪਛਾਣ ਲੈਂਦਾ ਹੈ, ਤਾਂ ਵੱਖਰੇਪਣ ਦਾ ਭਰਮ ਮਿਟਣ ਲੱਗਦਾ ਹੈ ਅਤੇ ਇਹ ਗਿਆਨ ਹੋ ਜਾਂਦਾ ਹੈ ਕਿ ਇਕੋ ਚੇਤਨਾ ਦਾ ਪਸਾਰਾ ਸਾਰੇ ਜੀਵਾਂ ਵਿਚ ਹੈ। ਏਕਮਤਾ ਰੂਪੀ ਇਸ ਜਾਗਰੂਕਤਾ ਵਿਚੋਂ ਦਇਆ, ਨਿਮਰਤਾ ਅਤੇ ਨਿਸ਼ਕਾਮ ਸੇਵਾ ਆਪ ਮੁਹਾਰੇ ਫੁਟਦੀ ਹੈ ਜੋ ਜੀਵਨ ਰੂਪੀ ਝਰਨੇ ਨੂੰ ਹੋਂਦ ਦੀ ਏਕਤਾ ਵਿਚ ਲੀਨ ਕਰ ਦਿੰਦੀ ਹੈ।

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥

ਕਾਸ਼ੀ ਵਿਚ ਤੱਪ ਕਰਨਾ, ਕਿਸੇ ਪਵਿੱਤਰ ਸਥਾਨ ਉੱਤੇ ਉਲਟੇ ਲਟਕ ਕੇ ਪ੍ਰਾਣ ਤਿਆਗਣੇ, ਜਾਂ ਸਰੀਰ ਨੂੰ ਸਾੜ ਕੇ ਚਿਰੰਜੀਵੀ ਬਣਨ ਦੀ ਕੋਸ਼ਿਸ਼ ਕਰਨੀ ਭਾਵੇਂ ਬਹੁਤ ਪ੍ਰਭਾਵਸ਼ਾਲੀ ਭਾਸਦਾ ਹੋਵੇ। ਇਹ ਸਰੀਰਕ ਤਪ ਅਸਲ ਆਤਮਿਕ ਉੱਨਤੀ ਦੀ ਬਜਾਇ ਹਉਮੈ ਕੇਂਦਰਿਤ ਬਾਹਰੀ ਦਿਖਾਵੇ ਰਾਹੀਂ ਜਾਗਰੂਕਤਾ ਪ੍ਰਾਪਤ ਕਰਨ ਦੇ ਉਦਮ ਨੂੰ ਦਰਸਾਉਂਦੇ ਹਨ।

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥

ਅਸ਼ਵਮੇਧ ਯੱਗ ਵਿਚ ਘੋੜੇ ਦੀ ਬਲੀ ਦਿੱਤੀ ਜਾਵੇ ਜਾਂ ਆਪਣੀ ਦੇਹ ਦੇ ਭਾਰ ਤੁਲ ਸੋਨਾ ਦਾਨ ਕਰ ਦਿੱਤਾ ਜਾਵੇ ਪਰ ਇਹ ਸਭ ਸਰਬ-ਵਿਆਪਕ ਚੇਤਨਾ ਦੇ ਸਨਮਾਨ ਅਤੇ ਚਿੰਤਨ ਦੇ ਤੁਲ ਨਹੀਂ। ਇਹ ਭਾਵ ਦਰਸਾਉਂਦਾ ਹੈ ਕਿ ਹੋਂਦ ਦਾ ਪਰਮ ਸੱਚ ਨਾ ਤਾਂ ਕਰਮਕਾਂਡਾਂ ਰਾਹੀਂ ਅਤੇ ਨਾ ਹੀ ਧਨ-ਦੌਲਤ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। (੧)

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥

ਪਖੰਡ ਤੋਂ ਦੂਰ ਹੋ ਇਸ ਦਾ ਤਿਆਗ ਕਰ ਦਿਓ, ਅਤੇ ਮਨ ਨੂੰ ਧੋਖੇ ਤੋਂ ਮੁਕਤ ਕਰੋ। ਪ੍ਰਮਾਣਿਕਤਾ ਦੀ ਇਹ ਸੱਦ ਸਾਨੂੰ ਆਪਣੇ ਇਰਾਦਿਆਂ ਦੇ ਸੱਚ ਦਾ ਸਾਹਮਣਾ ਅਤੇ ਉਨ੍ਹਾਂ ਦੀ ਸੂਝ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ।

ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥

ਹਰ ਪਲ ਸਰਵ ਵਿਆਪਕ ਦੀ ਹਾਜ਼ਰਤਾ ਦਾ ਚਿੰਤਨ ਕਰਦੇ ਹੋਏ ਇਸਨੂੰ ਨਿਰੰਤਰ ਆਪਣੇ ਅੰਦਰ ਵਸਾਓ। ਇਹ ਭਾਵ ਤਾਕੀਦ ਕਰਦਾ ਹੈ ਏਕਮ ਸਤਾ ਉਪਰ ਇਕਾਗਰਤਾ ਨਾਲ ਉਸ ਸਮੇਂ ਤੱਕ ਚਿੰਤਨ ਕਰਦੇ ਰਹੋ ਜਦੋਂ ਤੱਕ ਇਹ ਸਾਡੇ ਮਨ ਦਾ ਸਹਿਜ ਸੁਭਾ ਨਹੀਂ ਬਣ ਜਾਂਦਾ। (੧)(ਠਹਿਰਾਉ)

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥

ਕੋਈ ਕੁੰਭ ਦੇ ਮੇਲੇ ਲਈ ਭਾਵੇਂ ਗੰਗਾ ਜਾਂ ਗੋਦਾਵਰੀ ਜਾਵੇ, ਜਾਂ ਕੋਈ ਕੇਦਾਰਨਾਥ ਦੀ ਯਾਤਰਾ ਕਰੇ, ਜਾਂ ਕੋਈ ਗੋਮਤੀ ਵਿਖੇ ਹਜ਼ਾਰਾਂ ਗਊਆਂ ਦਾਨ ਕਰ ਸਕਦਾ ਹੋਵੇ। ਇਹ ਭਾਵ ਇਸ ਗਲਤ ਧਾਰਨਾ ਨੂੰ

ਦਰਸਾਉਂਦਾ ਹੈ ਕਿ ਪਵਿੱਤਰ ਸਥਾਨਾਂ ਦੀ ਯਾਤਰਾ ਕਰਨ, ਕਰਮਕਾਂਡੀ ਰਸਮਾਂ ਨਿਭਾਉਣ ਅਤੇ ਦਾਨ-ਪੁੰਨ ਕਰਨ ਨਾਲ ਅੰਤਰੀਵੀ ਪਵਿੱਤਰਤਾ ਪ੍ਰਾਪਤ ਹੋ ਸਕਦੀ ਹੈ।

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥
ਕਰੋੜਾਂ ਤੀਰਥਾਂ ਦੀ ਯਾਤਰਾ ਵੀ ਕੀਤੀ ਜਾ ਸਕਦੀ ਹੈ, ਜਾਂ ਹਿਮਾਲਿਆਂ ਦੀਆਂ ਚੋਟੀਆਂ ਵਿਚ ਸਰੀਰ ਨੂੰ ਤਪਾ ਗਾਲਿਆ ਜਮਾਇਆ ਵੀ ਜਾ ਸਕਦਾ ਹੈ, ਪਰ ਇਹ ਸਭ ਸਰਬ-ਵਿਆਪਕ ਚੇਤਨਾ ਦੇ ਸਨਮਾਨ ਅਤੇ ਚਿੰਤਨ ਦੇ ਤੁਲ ਨਹੀਂ। ਇਹ ਭਾਵ ਸਰੀਰਕ ਤਪ ਰਾਹੀਂ ਸਰੀਰਕ ਕਸ਼ਟ ਝੱਲਣ ਦੀ ਅਪ੍ਰਸੰਗਿਕਤਾ ਨੂੰ ਦਰਸਾਉਂਦਾ ਹੈ, ਕਿਉਂਕਿ ਇਹ ਬਿਬੇਕ ਪ੍ਰਾਪਤੀ ਵਿਚ ਸਹਾਈ ਨਹੀਂ ਹੁੰਦੇ। (੨)

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥
ਘੋੜੇ, ਹਾਥੀ, ਸ਼ਿੰਗਾਰੀ ਹੋਈ ਸੇਜ ਅਤੇ ਭੂਮੀ ਦਾ ਦਾਨ ਨਿਰੰਤਰ ਕੀਤਾ ਜਾ ਸਕਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕਿਵੇਂ ਅਗਿਆਨਤਾ ਵਿਚ ਫਸਿਆ ਮਨ ਅਕਸਰ ਧਨ-ਸੰਪਦਾ, ਰੁਤਬੇ ਅਤੇ ਉਦਾਰਤਾ ਰਾਹੀਂ ਪਵਿੱਤਰਤਾ ਨੂੰ ਵਿਹਾਝਨ ਦੀ ਕੋਸ਼ਿਸ਼ ਕਰਦਾ ਹੈ।

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥
ਭਾਵੇਂ ਕੋਈ ਆਪਣੇ ਆਪ ਨੂੰ ਪਾਕ ਕਰਨ ਲਈ ਆਪਣੇ ਭਾਰ ਦੇ ਤੁਲ ਧਨ ਸੰਪਦਾ ਜਾਂ ਸੋਨਾ ਆਦਿ ਦਾਨ ਕਰ ਦੇਵੇ, ਪਰ ਇਹ ਸਭ ਸਰਬ-ਵਿਆਪਕ ਚੇਤਨਾ ਦੇ ਸਨਮਾਨ ਅਤੇ ਚਿੰਤਨ ਦੇ ਤੁਲ ਨਹੀਂ। ਇਹ ਭਾਵ ਸਮਝਾਉਂਦਾ ਹੈ ਕਿ ਸਰੀਰਕ ਅਤੇ ਪਦਾਰਥਿਕ ਰੂਪ ਵਿਚ ਕੀਤੇ ਸਿਰਮੌਰ ਦਾਨ ਵੀ ਸਚਿਆਰ ਬਣਨ ਲਈ ਲਾਹੇਵੰਦ ਨਹੀਂ ਹੁੰਦੇ। (੩)

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥
ਮਨ ਵਿਚ ਗੁੱਸਾ ਨਾ ਪਾਲ; ਅਤੇ ਆਪਣੇ ਜੀਵਨ ਵਿਚ ਆਉਣ ਵਾਲੀ ਮੌਤ ਨੂੰ ਦੋਸ਼ ਨਾ ਦਿਓ; ਅੰਤਰੀਵੀ ਸ਼ਾਂਤੀ ਦੀ ਪਾਕਜ਼ਗੀ ਅਤੇ ਸਨਮਾਨ ਨੂੰ ਸਮਝੋ ਅਤੇ ਪਛਾਣੋ। ਇਹ ਭਾਵ ਦਰਸਾਉਂਦਾ ਹੈ ਕਿ ਸਹੀ ਰਾਹ ਆਪਣੇ ਹਾਲਾਤਾਂ ਨੂੰ ਸਵੀਕਾਰ ਕਰਨ, ਆਪਣੀ ਅਵਸਥਾ ਦੀ ਜ਼ਿੰਮੇਵਾਰੀ ਲੈਣ ਅਤੇ ਦੂਜਿਆਂ ਉੱਤੇ ਦੋਸ਼ ਲਗਾਉਣ ਦੀ ਬਜਾਏ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਨ ਵਿਚ ਹੈ।

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥

ਦਸਰਥ ਅਤੇ ਨੰਦ ਭਾਵੇਂ ਰਾਜੇ ਸਨ, ਪਰ ਮੇਰੇ ਲਈ ਸਰਬ-ਵਿਆਪਕ ਪਰਮ ਸੱਚ ਹੀ ਸਿਰਮੌਰ ਪ੍ਰਭੂਸਤਾ ਹੈ। ਭਗਤ ਨਾਮਦੇਵ ਨਿਮਰਤਾ ਨਾਲ ਆਖਦੇ ਹਨ ਕਿ ਉਹ ਇਸ ਨਿਰਮਲ ਤੱਤਸਾਰ ਦਾ ਪ੍ਰਗਟਾਵ ਕਰਦੇ ਹਨ। ਇਹ ਭਾਵ ਕਿਸੇ ਮਿਥਿਹਾਸਕ ਪੱਖਪਾਤ ਦਾ ਪ੍ਰਗਟਾਵਾ ਨਹੀਂ, ਸਗੋਂ ਇਕ ਅੰਤਰੀਵੀ ਆਤਮਿਕ ਅਨੁਭਵ ਹੈ, ਜਿਸ ਵਿਚ ਜਾਗਰੂਕ ਚੇਤਨਾ ਦੀ ਜੋਤ ਆਪਣੇ ਹੀ ਨਿਰਮਲ ਤੱਤਸਾਰ ਦਾ ਰਸ ਮਾਣਦੀ ਹੈ। (੪)(੪)

ਤੱਤ: ਭਗਤ ਨਾਮਦੇਵ ਨਿਰਮਲ ਨਿਰਬਾਣ ਪਦ ਦਾ ਜ਼ਿਕਰ ਕਰਦੇ ਹਨ, ਜੋ ਪਵਿੱਤਰਤਾ ਅਤੇ ਮੁਕਤੀ ਦੀ ਅਵਸਥਾ ਨੂੰ ਦਰਸਾਉਂਦਾ ਹੈ। ਇਸ ਅਵਸਥਾ ਵਿਚ ਮਨ ਹਉਮੈ, ਮੋਹ, ਡਰ ਅਤੇ ਨਿੱਜੀ ਲਾਭ ਦੀ ਇੱਛਾ ਤੋਂ ਮੁਕਤ ਹੋ ਜਾਂਦਾ ਹੈ। ਇਹ ਜੀਵਨ ਤੋਂ ਭੱਜਣ ਦਾ ਰਾਹ ਨਹੀਂ, ਸਗੋਂ ਜੀਵਨ ਦੇ ਅੰਦਰ ਹੀ ਅਸਲ ਆਜ਼ਾਦੀ ਦਾ ਅਨੁਭਵ ਕਰਨ ਦਾ ਮਾਰਗ ਹੈ। ਇਸ ਅਵਸਥਾ ਵਿਚ ਕੀਤੇ ਕਰਮ ਮਜਬੂਰੀ ਜਾਂ ਛਲ-ਕਪਟ ਤੋਂ ਨਹੀਂ, ਸਗੋਂ ਅੰਤਰੀਵੀ ਸਪਸ਼ਟਤਾ ਤੋਂ ਉਤਪੰਨ ਹੁੰਦੇ ਹਨ। ਮਨੁੱਖ ਬਾਹਰੀ ਪ੍ਰਾਪਤੀਆਂ, ਕਰਮਕਾਂਡਾਂ ਜਾਂ ਪ੍ਰਸਿੱਧੀ ਰਾਹੀਂ ਸੰਤੁਸ਼ਟੀ ਲੱਭਣ ਦੀ ਥਾਂ, ਸਮੂਹ ਜੀਵਨ ਵਿਚ ਵਿਆਪਕ ਏਕਮਤਾ ਦੇ ਅਨੁਭਵ ਵਿਚ ਆਪਣੀ ਅੰਤਰੀਵੀ ਸੰਪੂਰਨਤਾ ਨੂੰ ਪ੍ਰਾਪਤ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**